# ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ,ਪੰਜਾਬ।

ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, (ਮਾਈਕਰੋਸਾਫਟ ਬਿਲਡਿੰਗ),
ਫੇਸ-3ਬੀ-1, ਮੁਹਾਲੀ।

ਨੰਬਰ. 430730 ERD-ERD0EDRG/16/2022-General-Part(3) (ਭਡ-8)/2023119722
ਮਿਤੀ: 02.05.2023

**ਪਬਲਿਕ ਨੋਟਿਸ**

ਸਿੱਖਿਆ ਵਿਭਾਗ ਵਿੱਚ 4161 ਮਾਸਟਰ ਕਾਡਰ ਨਾਲ ਸਬੰਧਤ ਵੱਖ-ਵੱਖ ਵਿਸ਼ਿਆਂ ਦੀਆਂ ਅਸਾਮੀਆਂ ਨੂੰ ਭਰਨ ਲਈ ਮਿਤੀ 10.04.2023 ਤੋਂ ਪਹਿਲਾਂ ਵੱਖ-ਵੱਖ ਮਿਤੀਆਂ ਨੂੰ ਸਬੰਧਤ ਉਮੀਦਵਾਰਾ ਦੀ ਸਕਰੂਟਨੀ ਕੀਤੀ ਗਈ ਸੀ। ਸਕਰੂਟਨੀ ਦੌਰਾਨ ਕਈ ਉਮੀਦਵਾਰਾ ਵੱਲੋਂ ਆਪਣੇ ਯੋਗਤਾ/ਕੈਟਾਗਰੀ/ਜਾਤੀ ਨਾਲ ਸਬੰਧਤ ਸਰਟੀਫਿਕੇਟ ਜਾਂ ਕੋਈ ਹੋਰ ਦਸਤਾਵੇਜ ਜਮ੍ਹਾਂ ਨਹੀਂ ਕਰਵਾਏ, ਜਿਸ ਕਾਰਣ ਉਨ੍ਹਾਂ ਦੀ ਪਾਤਰਤਾ WITHHELD ਰੱਖੀ ਗਈ ਹੈ। ਇਨ੍ਹਾਂ ਉਮੀਦਵਾਰਾ ਨੂੰ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਆਪਣੇ ਯੋਗਤਾ/ਕੈਟਾਗਰੀ/ਜਾਤੀ ਸਰਟੀਫਿਕੇਟ ਜਾਂ ਕੋਈ ਹੋਰ ਦਸਤਾਵੇਜ ਇਸ ਦਫਤਰ ਵਿਖੇ ਨਿੱਜੀ ਤੌਰ ਤੇ ਪੇਸ਼ ਹੋਕੇ ਦਫਤਰ ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ, ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ (ਮਾਈਕਰੋਸਾਫਟ ਬਿਲਡਿੰਗ) ਫੇਜ 3ਬੀ1, ਐਸ.ਏ.ਐਸ. ਨਗਰ ਵਿਖੇ ਮਿਤੀ 10.05.2023 ਤੱਕ ਜਮ੍ਹਾ ਕਰਵਾਉਣ ਦਾ ਆਖਰੀ ਮੌਕਾ ਦਿੱਤਾ ਜਾਂਦਾ ਹੈ। ਜੇਕਰ ਉਕਤ ਮਿਤੀ ਤੱਕ ਉਹ ਆਪਣੇ ਦਸਤਾਵੇਜ ਇਸ ਦਫਤਰ ਵਿਖੇ ਜਮ੍ਹਾ ਨਹੀਂ ਕਰਵਾਉਂਦੇ ਤਾਂ ਉਪਲਬਧ ਦਸਤਾਵੇਜਾ ਦੇ ਅਧਾਰ ਤੇ ਉਨ੍ਹਾਂ ਦੀ ਪਾਤਰਤਾ ਸਬੰਧੀ ਫੈਸਲਾ ਕਰ ਕਰ ਦਿੱਤਾ ਜਾਵੇਗਾ।

02/05/23
ਸਹਾਇਕ ਡਾਇਰੈਕਟਰ,
ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ।